**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ, ਫੇਜ-8 ਐਸ.ਏ ਐਸ ਨਗਰ**

ਸਿੱਖਿਆ ਭਵਨ, ਕੰਪ :-ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ, ਬਲਾਕ -ਈ, ਚੌਥੀ ਮੰਜਿਲ, ਫੇਜ-8 ਐਸ.ਏ ਐਸ ਨਗਰ

**ਅਮਲਾ-3 ਸਾਖਾ**

ਹੁਕਮ ਨੰ 10/86-2016 ਅਮਲਾ 3(1)/136

ਮਿਤੀ ਐਸ.ਏ ਐਸ ਨਗਰ:- 01-01-18

ਸ੍ਰੀ ਚੇਤਨ , ਸਸ ਮਾਸਟਰ,ਸ.ਹ.ਸ ਕਾਲਾ ਬਾਹੀਆ ਜਲੰਧਰ ਨੂੰ ਇਸ ਵਿਭਾਗ ਦੇ ਹੁਕਮ ਨੰ 10/86-2016 ਅਮਲਾ3(1) ਮਿਤੀ 01-08-2016 ਰਾਂਹੀ ਸਰਕਾਰ ਵਲੋਂ ਜਾਰੀ ਹਦਾਇਤਾ ਨੰ 12/120/05-2ਪੀ.ਪੀ.2/2827 ਮਿਤੀ 01-03-2006 ਦੀ ਉਲੰਘਣਾ ਕਰਦੇ ਹੋਏ ਵਿਦੇਸ ਦੀ ਪੀ.ਆਰ ਪ੍ਰਾਪਤ ਕੀਤੇ ਹੋਣ ਕਾਰਨ ਮੇਜਰ ਸਜਾ ਲਈ ਦੋਸ ਸੂਚੀ ਜਾਰੀ ਕੀਤੀ ਗਈ ਸੀ । ਪਰ ਇਸ ਦੋਸ ਸੂਚੀ ਦਾ ਜਵਾਬ ਦੇਣ ਦੀ ਥਾਂ ਇਹ ਕਰਮਚਾਰੀ ਮਿਤੀ 14-05-2016 ਨੂੰ ਬਿਨ੍ਹਾ ਦੱਸੇ ਡਿਊਟੀ ਤੋਂ ਗੈਰ ਹਾਜਰ ਰਿਹਾ। ਇਸ ਕਰਮਚਾਰੀ ਦੀਆ ਪਹਿਲਾਂ ਵੀ ਹੁਕਮ ਨੰ ਇਨਫੋਰਸਮੈਂਟ ਸੈੱਲ 03/04-2013(1) /015600-02 ਮਿਤੀ 19-09-2013 ਰਾਂਹੀ 4 ਸਲਾਨਾ ਤਰੱਕੀਆਂ ਭਵਿੱਖੀ ਅਸਰ ਸਹਿਤ ਬੰਦ ਕੀਤੀਆ ਗਈਆ ਸਨ।

ਕਰਮਚਾਰੀ ਦਾ ਕੋਈ ਜਵਾਬ ਪ੍ਰਾਪਤ ਨਾ ਹੋਣ ਕਾਰਨ ਇਸ ਦਫਤਰ ਵਲੋਂ ਹੁਕਮ ਨੰ 10/86-2016 ਅਮਲਾ3(1) ਮਿਤੀ 17-05-17 ਰਾਂਹੀ ਸ੍ਰੀ ਹਰਿੰਦਰਪਾਲ ਸਿੰਘ, ਜਿਲ੍ਹਾ ਸਿੱਖਿਆ ਅਫਸਰ(ਸ) ਜਲੰਧਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ । ਪੜਤਾਲੀਆ ਅਫਸਰ ਵਲੋਂ ਮਿਤੀ 09-10-2017 ਨੂੰ ਆਪਣੀ ਪੜਤਾਲ ਰਿਪੋਰਟ ਸਬਮਿਟ ਕੀਤੀ ਗਈ ਜਿਸ ਵਿੱਚ ਉਸਨੇ ਸਿੱਧ ਕੀਤਾ ਕਿ

*ਸ੍ਰੀ ਚੇਤਨ , ਸਸ ਮਾਸਟਰ,ਸ.ਹ.ਸ ਕਾਲਾ ਬਾਹੀਆ ਜਲੰਧਰ ਵਲੋਂ ਮਿਤੀ 02-05-16 ਤੋਂ 13-05-16 ਤੱਕ ਮੈਡੀਕਲ ਛੁੱਟੀ ਅਪਲਾਈ ਕੀਤੀ ਗਈ ਸੀ ਅਤੇ ਮਿਤੀ 14-05-16 ਤੋਂ ਬਿਨ੍ਹਾ ਸੂਚਨਾ ਦਿੱਤੇ ਜਾਣ ਬੁੱਝਕੇ ਡਿਊਟੀ ਤੋਂ ਗੈਰ ਹਾਜਰ ਹੈ ਅਤੇ ਡਾਕ ਵਿਭਾਗ ਦੀ ਟਿੱਪਣੀ ਅਨੁਸਾਰ ਬਿਨ੍ਹਾ ਸੂਚਨਾ ਦਿੱਤੇ ਵਿਦੇਸ਼ ਚਲਾ ਗਿਆ ਹੈ। ਕਰਮਚਾਰੀ ਵਲੋਂ ਆਪਣੀ ਛੁੱਟੀ ਸਮੇਂ ਦਿੱਤੇ ਪਤੇ ਤੇ ਭੇਜੇ ਸਾਰੇ ਪੱਤਰ ਅਣਵੰਡੇ ਵਾਪਿਸ ਆ ਗਏ ਹਨ । ਕਰਮਚਾਰੀ ਦੀ ਪਤਨੀ ਸ੍ਰੀਮਤੀ ਸ਼ਸ਼ੀ ਬਾਲਾ, ਹਿੰਦੀ ਮਿਸਟ੍ਰੈਸ, ਸਮਿਸ ਭੱਠੇ ਕੰਪ : ਸ.ਹ.ਸ ਕਾਲਾ ਬਾਹੀਆ ਜਲੰਧਰ ਵੀ ਉਕਤ ਮਿਤੀ ਤੋਂ ਗੈਰ ਹਾਜਰ ਹੈ। ਸ੍ਰੀ ਚੇਤਨ , ਸਸ ਮਾਸਟਰ,ਸ.ਹ.ਸ ਕਾਲਾ ਬਾਹੀਆ ਜਲੰਧਰ ਵਿਰੁੱਧ ਦੋਸ਼ ਸਿੱਧ ਹੁੰਦਾ ਹੈ ਕਿ ਉਹ ਬਿਨ੍ਹਾ ਵਿਭਾਗ ਤੋਂ ਛੁੱਟੀ ਮੰਜੂਰ ਕਰਵਾਏ ਮਿਤੀ 14-05-16 ਤੋਂ ਹੁਣ ਤੱਕ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੋਰ ਤੇਗੈਰ ਹਾਜਰ ਹੈ ਅਤੇ ਅਜਿਹਾ ਕਰਕੇ ਉਹ ਪੰਜਾਬ ਸਿਵਲ ਸੇਵਾਂਵਾ(ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਅਧੀਨ ਮੇਜਰ ਸਜਾ ਦਾ ਭਾਗੀ ਹੈ।*

ਰਿਕਾਰਡ ਅਨੁਸਾਰ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਦੋਸ਼ੀ ਕਰਮਚਾਰੀ ਨੇ ਨਾ ਕੇਵਲ ਹਦਾਇਤਾ ਤੋਂ ਉਲਟ ਜਾ ਕੇ ਵਿਦੇਸ਼ ਦੀ ਪੀ.ਆਰ ਹੀ ਹਾਸਲ ਕੀਤੀ ਸਗੋਂ ਉਸਨੂੰ ਇਸ ਸਬੰਧੀ ਦੋਸ਼ ਸੂਚੀ ਜਾਰੀ ਕਰਨ ਤੋਂ ਬਾਅਦ ਉਹ ਇਸਦਾ ਜਵਾਬ ਦੇਣ ਦੀ ਥਾਂ ਤੇ ਸਕੂਲ ਤੋਂ ਮਿਤੀ 14-05-2016 ਨੂੰ ਗੈਰ ਹਾਜਰ ਹੋ ਗਿਆ ਹੈ ਅਤੇ ਅਜੇ ਤੀਕ ਗੈਰ ਹਾਜਰ ਹੀ ਹੈ।

ਪੜਤਾਲੀਆ ਅਫਸਰ ਵਲੋਂ ਦਿੱਤੀ ਗਈ ਪੜਤਾਲ ਰਿਪੋਰਟ ਦੇ ਅਧਾਰ ਤੇ ਪੜਤਾਲ ਰਿਪੋਰਟ ਕਰਮਚਾਰੀ ਨੂੰ ਉਸਦੇ ਆਖਰੀ ਉਪਲਬੱਧ ਪਤੇ ਤੇ ਭੇਜਦੇ ਹੋਏ ਉਸਦੀ ਟਿੱਪਣੀ ਮੰਗੀ ਗਈ , ਦੂਜਾ ਉਸਨੂੰ ਅਖਬਾਰ ਰਾਂਹੀ ਪਬਲਿਕ ਨੋਟਿਸ ਵੀ ਦਿੱਤਾ ਗਿਆ ਪਰ ਨਿਰਧਾਰਤਿ ਸਮੇਂ ਅੰਦਰ ਉਸਨੇ ਕੋਈ ਵੀ ਉੱਤਰ ਨਹੀ ਦਿੱਤਾ।

ਉਪਰੋਕਤ ਸਥਿਤੀ ਤੋਂ ਇਹ ਸਿੱਧ ਹੁੰਦਾ ਹੈ ਕਿ ਕਰਮਚਾਰੀ ਆਪਣੇ ਬਚਾਅ ਵਿੱਚ ਕੁਝ ਨਹੀ ਕਹਿਣਾ ਚਾਂਹੁੰਦਾਂ ਅਤੇ ਕਰਮਚਾਰੀ ਦੀ ਸਰਕਾਰੀ ਸੇਵਾ ਕਰਨ ਵਿੱਚ ਕੋਈ ਰੁਚੀ ਨਹੀ ਜਾਪਦੀ ਹੈ। ਇਸ ਲਈ ਮੈਂ ਪਰਮਜੀਤ ਸਿੰਘ, ਪੀ.ਸੀ.ਐਸ , ਡਾਇਰੈਕਟਰ ਸਿੱਖਿਆ ਵਿਭਾਗ , ਕਰਮਚਾਰਨ ਦਾ ਨਿਯੁਕਤੀ ਅਧਿਕਾਰੀ ਹੋਣ ਦੀ ਸੂਰਤ ਵਿੱਚ , ਪੰਜਾਬ ਸਿਵਲ ਸੇਵਾਂਵਾ ਰੂਲਜ 1970 ਦੇ ਅਧੀਨ ਸਜਾਂਵਾ ਦੇ ਉਪਬੰਧ (v to ix) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ , ਕਰਮਚਾਰੀ **ਸ੍ਰੀ ਚੇਤਨ, ਸਸ ਮਾਸਟਰ,ਸ.ਹ.ਸ ਕਾਲਾ ਬਾਹੀਆ ਜਲੰਧਰ** ਦੀਆਂ ਸੇਵਾਂਵਾ ਤਤਕਾਲ ਸਮੇਂ ਤੋਂ ਖਤਮ ਕਰਨ ਦੇ ਹੁਕਮ ਕਰਦਾ ਹਾਂ।

ਪਰਮਜੀਤ ਸਿੰਘ, ਪੀ.ਸੀ.ਐਸ

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ

ਪਿੱਠ ਅੰਕਣ ਨੰ ਉਕਤ                ਮਿਤੀ ਐਸ.ਏ ਐਸ ਨਗਰ:- 08-01-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ(ਜਲੰਧਰ)
2. ਜਿਲ੍ਹਾ ਸਿੱਖਿਆ ਅਫਸਰ(ਸੈਸਿ) ਜਲੰਧਰ ਨੂੰ ਇਨ੍ਹਾ ਹੁਕਮਾਂ ਦਾ ਇੰਦਰਾਜ ਕਰਮਚਾਰਨ ਦੀ ਸੇਵਾ ਪੱਤਰੀ ਵਿੱਚ ਕਰਕੇ ਰਿਪੋਰਟ ਭੇਜੀ ਜਾਵੇ।
3. ਸਕੂਲ ਮੁੱਖੀ , ਸ.ਹ.ਸ ਕਾਲਾ ਬਾਹੀਆ ਜਲੰਧਰ ਇਨ੍ਹਾ ਹੁਕਮਾਂ ਦਾ ਇੰਦਰਾਜ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਕਰਕੇ ਰਿਪੋਰਟ ਭੇਜੀ ਜਾਵੇ।
4. **ਸ੍ਰੀ ਚੇਤਨ , ਸਸ ਮਾਸਟਰ,ਸ.ਹ.ਸ ਕਾਲਾ ਬਾਹੀਆ ਜਲੰਧਰ** ਉਸਦੇ ਆਖਰੀ ਉਪਲਬੱਧ ਪਤੇ ਤੇ ਭੇਜਿਆ ਜਾਵੇ।
5. ਡੀ.ਐਮ/ਐਮ.ਆਈ.ਐਸ ਦ: ਡੀ.ਜੀ.ਐਸ.ਈ, ਪੰਜਾਬ ਨੂੰ ਵਿਭਾਗ ਦੀ ਵੈਬਸਾਇਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

08/01/18

ਸੁਹਾਇਕ ਡਾਇਰੈਕਟਰ(ਸਪ-3)